# ਨਨਕਾਣਾ ਸਾਹਿਬ ਐਜੂਕੇਸ਼ਨ ਟ੍ਰਸਟ, ਲੁਧਿਆਣਾ

NANKANA SAHIB EDUCATION TRUST
(Guru Nanak Dev Engineering College)
Gill Road,Gill Park,Ludhiana 141 006
Ph. 0161-2490479

ਨਨਕਾਣਾ ਸਾਹਿਬ ਐਜੂਕੇਸ਼ਨ ਟ੍ਰਸਟ ਦੀ ਮਿਤੀ 25.6.2009 ਨੂੰ ਬਾਅਦ ਦੁਪਹਿਰ 1 ਵਜੇ ਪੋਲੀਟੈਕਨਿਕ ਕਮੇਟੀ ਰੂਮ, ਕਾਲਜ ਕੈਂਪਸ, ਲੁਧਿਆਣਾ ਵਿਖੇ ਹੋਈ ਇਕੱਤਰਤਾ ਦੀ ਕਾਰਵਾਈ:

ਨਿਮਨਲਿਖਤ ਇਕੱਤਰਤਾ ਵਿੱਚ ਹਾਜਰ ਸਨ:-

1) ਜੱਥੇਦਾਰ ਅਵਤਾਰ ਸਿੰਘ, ਪ੍ਰਧਾਨ
2) ਸ. ਅਜਮੇਰ ਸਿੰਘ ਗਿੱਲ, ਸੀਨੀਅਰ ਵਾਈਸ ਪ੍ਰਧਾਨ
3) ਸ. ਹਰਸੁਰਿੰਦਰ ਸਿੰਘ ਗਿੱਲ,ਜੂਨੀਅਰ ਵਾਈਸ ਪ੍ਰਧਾਨ
4) ਸ. ਗੁਰਮੇਲ ਸਿੰਘ ਸੰਗੋਵਾਲ,ਟ੍ਰਸਟੀ
5) ਸ. ਜੋਗੇਸ਼ਵਰ ਸਿੰਘ ਮਾਂਗਟ, ਟ੍ਰਸਟੀ
6) ਸ. ਹਰਦਲਬੀਰ ਸਿੰਘ ਸ਼ਾਹ, ਟ੍ਰਸਟੀ
7) ਸ. ਹਰਬੇਅੰਤ ਸਿੰਘ, ਸਕੱਤਰ

ਇਹਨਾਂ ਤੋਂ ਬਿਨਾਂ ਸ. ਗੁਰਚਰਨ ਸਿੰਘ ਡਾਇਰੈਕਟਰ ਟ੍ਰਸਟ ਅਫੇਅਰਜ਼, ਡਾ: ਐਮ.ਐਸ.ਸੈਣੀ, ਪ੍ਰਿੰਸੀਪਲ ਗੁਰੂ ਨਾਨਕ ਦੇਵ ਇੰਜੀ: ਕਾਲਜ,ਸ੍ਰੀ ਆਰ. ਕੇ. ਸੋਢਤ, ਮੁਖੀ ਇਲੈਕਟਰੀਕਲ ਡਿਪਾਰਟਮੈਂਟ, ਐਕਟਿੰਗ ਪ੍ਰਿੰਸੀਪਲ, ਪੋਲੀਟੈਕਨਿਕ ਭੀ ਇਕੱਤਰਤਾ ਵਿੱਚ ਸ਼ਾਮਲ ਸਨ।

ਇਕੱਤਰਤਾ ਵਿੱਚ ਹੇਠ ਲਿਖੇ ਅਨੁਸਾਰ ਕਾਰਵਾਈ ਕੀਤੀ ਗਈ:-

ਇਕੱਤਰਤਾ ਸ਼ੁਰੂ ਹੋਣ ਤੋਂ ਪਹਿਲਾਂ ਸ. ਅਜਮੇਰ ਸਿੰਘ ਲੱਖੋਵਾਲ , ਚੇਅਰਮੈਨ, ਪੰਜਾਬ ਮੰਡੀ ਬੋਰਡ ਦੇ ਕਾਰਜ-ਕਾਲ ਵਿੱਚ ਹੋਏ ਤਿੰਨ ਸਾਲ ਦੇ ਵਾਧੇ ਤੇ ਸਾਰਿਆਂ ਵੱਲੋਂ ਵਧਾਈ ਦਿੱਤੀ ਗਈ ।

ਮਤਾ ਨੰ :1 ਬੋਰਡ ਨੇ ਟ੍ਰਸਟ ਦੇ ਸਾਬਕਾ ਸਵ: ਸ. ਈਸ਼ਵਰ ਸਿੰਘ ਟ੍ਰਸਟੀ ਦੀ ਸੁਪਤਨੀ ਬੀਬੀ ਭਗਵੰਤ ਕੌਰ ਦੇ ਅਕਾਲ ਚਲਾਣੇ ਤੇ ਦੁਖ ਦਾ ਪ੍ਰਗਟਾਵਾ ਕੀਤਾ, ਅਤੇ ਦਿਲੀ ਹਮਦਰਦੀ ਪ੍ਰਗਟ ਕੀਤੀ।

ਮਤਾ ਨੰ:2 <u>ਟ੍ਰਸਟ ਦੀ ਮਿਤੀ 25.3.2009 ਦੀ ਹੋਈ ਇਕੱਤਰਤਾ ਵਿੱਚ ਪਾਸ ਕੀਤੇ ਫੈਸਲਿਆਂ ਉਪੱਰ ਅਮਲ ਰਿਪੋਰਟ।</u>

ਬੋਰਡ ਨੇ ਪੇਸ਼ ਕੀਤੀ ਰਿਪੋਰਟ ਨੂੰ ਨੋਟ / ਪ੍ਰਵਾਨ ਕੀਤਾ।

ਮਤਾ ਨੰ:3 <u>ਟ੍ਰਸਟ ਦੀ ਮਿਤੀ 25.3.2009 ਦੀ ਇਕੱਤਰਤਾ ਦੀ ਪ੍ਰਵਾਨਗੀ।</u>

ਬੋਰਡ ਨੇ ਟ੍ਰਸਟ ਵੱਲੋਂ ਪਾਸ ਕੀਤੇ ਮਤਾ ਨੰ 19 ਮਿਤੀ 25.3.2009 ਉਪੱਰ ਗਿੱਲ ਟ੍ਰਸਟੀਜ਼ ਵੱਲੋ ਭੇਜੇ ਇਤਰਾਜ਼ ਤੇ ਵਿਚਾਰ ਕੀਤਾ ਅਤੇ ਆਰ.ਡੀ.ਸੀ. 1 ਅਤੇ 2 ਦੇ ਕਾਰਜ-ਵਿਧੀ, ਵਿਤੀ, ਪ੍ਰਬੰਧਕੀ ਆਦਿ ਹਰ ਪੱਖ ਤੋਂ ਰੂਲ ਤਿਆਰ ਕਰਨ ਅਤੇ Executive Director ਦੀ ਨਿਯੁਕਤੀ ਵਾਸਤੇ ਯੋਗਤਾਵਾਂ / ਤਜਰਬਾ ਨਿਰਧਾਰਤ ਕਰਨ ਲਈ ਸ. ਜੋਗੇਸ਼ਵਰ ਸਿੰਘ ਮਾਂਗਟ, ਟ੍ਰਸਟੀ / ਚੇਅਰਮੈਨ ਅਤੇ ਆਰ.ਡੀ.ਸੀ. ਕਮੇਟੀ ਦੇ ਮੈਂਬਰ ਸਾਹਿਬਾਨ 1. ਸ. ਅਜਮੇਰ ਸਿੰਘ ਲੱਖੋਵਾਲ 2. ਸ. ਹਰਸੁਰਿੰਦਰ ਸਿੰਘ ਗਿੱਲ 3. ਸ. ਗੁਰਮੇਲ ਸਿੰਘ ਸੰਗੋਵਾਲ 4.ਸ.ਹਰਚਰਨ ਸਿੰਘ ਗੋਹਲਵੜੀਆ ਤੇ ਅਧਾਰਤ ਕਮੇਟੀ ਦਾ ਗਠਨ ਕੀਤਾ ਜਾਣਾ ਪ੍ਰਵਾਨ ਕੀਤਾ, ਜੋ ਆਪਣੀ ਰਿਪੋਰਟ ਟ੍ਰਸਟ ਨੂੰ ਜਲਦੀ ਦੇਵੇਗੀ। ਉਸ ਸਮੇਂ ਤਕ ਮੌਜੂਦਾ ਪ੍ਰਬੰਧ ਜਾਰੀ ਰਹੇਗਾ, ਜੇਕਰ ਕੋਈ ਤਬਦੀਲੀ ਦੀ ਲੋੜ ਹੋਈ ਤਾਂ ਉਸ ਨੂੰ ਟ੍ਰਸਟ ਦੀ ਅਗਲੀ ਇਕੱਤਰਤਾ ਵਿੱਚ ਵਿਚਾਰ ਕੇ ਉਸੇ ਸਮੇਂ ਲਾਗੂ ਕੀਤਾ ਜਾਵੇਗਾ ।

ਕਾਲਜ ਕੰਸਲਟੈਂਸੀ ਰੂਲਾਂ ਦੀ ਸੋਧ ਬਾਰੇ ਟ੍ਰਸਟ ਮਤਾ ਨੰਬਰ 9 ਮਿਤੀ 25.3.2009 ਉਪੱਰ ਗਿੱਲ ਟ੍ਰਸਟੀਜ਼ ਵੱਲੋਂ ਭੇਜੇ ਇਤਰਾਜ਼ ਤੇ ਵਿਚਾਰ ਕਰਕੇ ਇਸਨੂੰ ਸਰਬਸੰਮਤੀ ਨਾਲ ਸਮਾਪਤ ਕਰ ਦਿੱਤਾ ਗਿਆ ਤੇ ਤਿਆਰ ਕੀਤੇ ਸੋਧੇ ਕੰਸਲਟੈਂਸੀ ਰੂਲਾਂ ਨੂੰ ਬੋਰਡ ਵੱਲੋਂ ਪ੍ਰਵਾਨ ਕੀਤਾ ਗਿਆ।

ਟ੍ਰਸਟ ਦੀ ਮਿਤੀ 25.3.2009 ਦੀ ਕਾਰਵਾਈ ਨੂੰ ਬੋਰਡ ਵੱਲੋਂ ਸਰਬ-ਸੰਮਤੀ ਨਾਲ ਪ੍ਰਵਾਨ ਕੀਤਾ ਗਿਆ।

ਮਤਾ ਨੰ:4 <u>ਗਿੱਲ ਟ੍ਰਸਟੀਜ਼ ਬਾਰੇ।</u>

ਇਸ ਸਬੰਧ ਵਿੱਚ ਪ੍ਰਧਾਨ ਜੀ ਵੱਲੋਂ ਕੀਤੀ ਕਾਰਵਾਈ ਨੂੰ ਇਕੱਤਰਤਾ ਵਿੱਚ ਪੜਕੇ ਸੁਣਾਇਆ ਗਿਆ, ਜਿਸ ਨੂੰ ਬੋਰਡ ਵੱਲੋਂ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ।

ਚਲਦਾ ਪੰਨਾਂ ਨੰ:2

Scanned by CamScanner